

ਸਾਹਿਤ ਅਕਾਦਮੀ ਦੇ ਸਾਬਕਾ ਪ੍ਰਧਾਨ ਰਮਾਕਾਂਤ ਰਥ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਅਕਾਦਮੀ ਦੇ ਅਧਿਕਾਰੀ ਤੇ ਹੋਰ।

# ਸਾਹਿਤ ਅਕਾਦਮੀ ਵਲੋਂ ਰਮਾਕਾਂਤ ਰਥ ਦੀ ਯਾਦ ਵਿਚ ਸ਼ਰਧਾਂਜਲੀ ਸਭਾ

ਨਵੀਂ ਦਿੱਲੀ, 10 ਅਪ੍ਰੈਲ (ਮਿਸਰਦੀਪ ਭਾਟੀਆ)-ਸਾਹਿਤ ਅਕਾਦਮੀ ਨੇ ਪ੍ਰਸਿੱਧ ਉੜੀਆ ਕਵੀ ਅਤੇ ਅਕਾਦਮੀ ਦੇ ਸਾਬਕਾ ਪ੍ਰਧਾਨ ਰਮਾਕਾਂਤ ਰਥ ਦੀ ਯਾਦ ਵਿਚ ਇਕ ਸ਼ਰਧਾਂਜਲੀ ਸਭਾ ਦਾ ਆਯੋਜਨ ਕੀਤਾ। ਅਕਾਦਮੀ ਦੇ ਪ੍ਰਧਾਨ ਮਾਧਵ ਕੌਸ਼ਿਕ ਨੇ ਉਨ੍ਹਾਂ ਨੂੰ ਅਜੋਕੇ ਸਮੇਂ ਦੇ ਜੈਦੇਵ ਵਜੋਂ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸਿਰਫ਼ 'ਸ੍ਰੀ ਰਾਧਾ' ਪੁਸਤਕ ਨਾਲ ਹੀ ਨਹੀਂ, ਬਲਕਿ ਹੋਰ ਕਾਵਿ-ਸੰਗ੍ਰਹਿਆਂ ਦੇ ਆਧਾਰ 'ਤੇ ਵੀ ਦੇਖਣਾ ਹੋਵੇਗਾ ਕਿਉਂਕਿ ਉਹ ਵੀ ਮਹੱਤਵਪੂਰਨ ਹਨ ਅਤੇ ਬਦਲਦੇ ਭਾਰਤ ਦੇ ਤਣਾਅ ਨੂੰ ਪ੍ਰਗਟ ਕਰਦੇ ਹਨ। ਉਹ ਆਧੁਨਿਕ ਭਾਰਤੀ ਕਵਿਤਾ ਦਾ ਸਿਖ਼ਰ ਸਨ। ਅਕਾਦਮੀ ਦੇ ਸਕੱਤਰ ਸ੍ਰੀਨਿਵਾਸ ਰਾਓ ਨੇ ਕਿਹਾ ਕਿ ਉੜੀਸਾ ਦਾ ਸਾਹਿਤਕ ਦ੍ਰਿਸ਼ ਉਨ੍ਹਾਂ ਨੇ ਹੀ ਤਿਆਰ ਕੀਤਾ ਸੀ। ਸਮੁੱਚੇ ਦੇਸ਼ ਦੇ ਪਾਠਕਾਂ ਨੇ ਹੀ ਨਹੀਂ ਸਗੋਂ ਸਾਹਿਤ ਅਕਾਦਮੀ ਨੇ ਵੀ ਉਨ੍ਹਾਂ ਦੇ ਵਿਚਾਰਾਂ ਅਤੇ ਗਿਆਨ ਤੋਂ ਲਾਭ ਉਠਾਇਆ। ਉਨ੍ਹਾਂ ਦੀ ਬੇਟੀ ਸ਼ਿਆਮਾ ਰਥ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਨੌਜਵਾਨ ਪੀੜ੍ਹੀ ਨੂੰ ਅੱਗੇ ਲਿਜਾਣ ਲਈ ਹਮੇਸ਼ਾ ਚਿੰਤਤ ਰਹਿੰਦੇ ਸਨ। ਉਨ੍ਹਾਂ ਨੂੰ ਆਪਣੇ ਸਕੂਲ ਮਿੱਤਰ ਵਜੋਂ ਯਾਦ ਕਰਦਿਆਂ ਸ਼ਾਂਤਨੂ ਨੇ ਕਿਹਾ ਕਿ ਪੁਸਤਕ 'ਸ੍ਰੀ ਰਾਧਾ' ਨੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਸੰਪੂਰਨਤਾ ਪ੍ਰਦਾਨ ਕੀਤੀ ਹੈ। ਇਸ ਤੋਂ ਇਲਾਵਾ ਮਾਲਾ ਸ੍ਰੀ ਲਾਲ, ਸੁਕ੍ਰਿਤਾ ਪਾਲ ਕੁਮਾਰ, ਗੌਰ ਹਰੀਦਾਸ, ਜਤਿਨ ਕੁਮਾਰ ਦਾਸ, ਪਾਰਮਿਤਾ ਸਤਪਥੀ ਨੇ ਰਮਾਕਾਂਤ ਰਥ ਦੀ ਸ਼ਖ਼ਸੀਅਤ ਬਾਰੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ। ਪ੍ਰਤਿਭਾ ਰਾਏ ਦਾ ਸੋਗ ਸੰਦੇਸ਼ ਪੜ੍ਹ ਕੇ ਸੁਣਾਇਆ ਗਿਆ। ਅੰਤ ਵਿਚ ਇਕ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ।